1. ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਸੀਤਲ ਸਟੀਲ ਇੰਡਸਟਰੀਜ਼ ਪ੍ਰ: ਲਿਮਟਿਡ, ਵੱਲੋ ਪਿੰਡ ਸ਼ਾਹਪੁਰ, ਖੰਨਾ-ਅਮਲੋਹ ਰੋਡ, ਤਹਿਸੀਲ ਅਮਲੋਹ, ਜਿਲਾ ਫਤਹਿਗੜ ਸਾਹਿਬ ਵਿਖੇ ਸਟੀਲ ਮੈਨੂੰਫੈਕਚਰਿੰਗ ਯੂਨਿਟ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 06.10.2023 ਦੀ ਕਾਰਵਾਈ ।

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ੍ਰੀ ਗੁਰਵਿੰਦਰ ਸਿੰਘ ਜੋਹਲ, ਪੀ.ਸੀ.ਐਸ.
   ਸਬ ਡਵੀਜਨਲ ਮੈਜਿਸਟ੍ਰੇਟ, ਅਮਲੋਹ
   ਜਿਲਾ ਫਤਹਿਗੜ ਸਾਹਿਬ ।

2. ਇੰਜ: ਰਵੀ ਪਾਲ,
   ਵਾਤਾਵਰਣ ਇੰਜੀਨੀਅਰ (ਮੈਗਾ)
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਮੁੱਖ ਦਫਤਰ, ਪਟਿਆਲਾ ।

3. ਇੰਜ: ਮਲਕੀਤ ਸਿੰਘ
   ਸਹਾਇਕ ਵਾਤਾਵਰਣ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫਤਰ, ਫਤਹਿਗੜ ਸਾਹਿਬ

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸ: ਸੀਤਲ ਸਟੀਲ ਇੰਡਸਟਰੀਜ਼ ਪ੍ਰ: ਲਿਮਟਿਡ, ਦੀ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ । ਉਹਨਾਂ ਨੇ ਦੱਸਿਆ ਕਿ ਮੈਸ: ਸੀਤਲ ਸਟੀਲ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ, 42,607.47 ਸਕੇਅਰ ਮੀਟਰ ਜਮੀਨ ਜੋ ਕਿ ਪਿੰਡ ਸ਼ਾਹਪੁਰ, ਖੰਨਾ/ਅਮਲੋਹ ਰੋਡ, ਤਹਿਸੀਲ ਅਮਲੋਹ, ਜਿਲਾ ਫਤਹਿਗੜ ਸਾਹਿਬ ਵਿੱਖੇ ਸਥਿਤ ਹੈ, ਵਿੱਚ ਦੋ ਇੰਡਕਸਨ ਫਰਨਸਾਂ, ਜਿਹਨਾਂ ਦੀ ਹਰੇਕ ਦੀ ਕਪੈਸ਼ਟੀ 15 ਟਨ/ਹੀਟ, ਇੱਕ ਇੰਡਕਸਨ ਫਰਨਸ ਜਿਸ ਦੀ ਕਪੈਸਟੀ 30 ਟਨ/ਹੀਟ, ਇੱਕ ਰੋਲਿੰਗ ਮਿੱਲ ਅਤੇ ਇੱਕ ਪਾਈਟ ਪਲਾਂਟ ਲਗਾਕੇ ਇੰਗਟਸ/ ਬਿਲਟਸ / ਸਟਰਿਪਸ / ਪੱਤਰਾ / ਟੀ.ਐਮ.ਟੀ. ਬਾਰਜ / ਐਚ.ਆਰ ਕੋਇਲਜ / ਸੁਕੇਅਰ / ਰੌਡਜ / ਫਲੈਟਸ / ਚੈਨਲਜ ਪਾਇਪਸ 3,20,000 ਟਨ/ਸਾਲ ਬਨਾਉਣ ਦੀ ਤਜਵੀਜ਼ ਹੈ। ਪ੍ਰੋਜੈਕਟ ਵਾਤਾਵਰਣ ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ (ਐਮਓਈਐਫਐਂਡਸੀਸੀ) ਭਾਰਤ ਸਰਕਾਰ, ਨਵੀਂ ਦਿੱਲੀ ਦੁਆਰਾ ਜਾਰੀ ਈ ਆਈ ਏ ਨੋਟੀਫਿਕੇਸ਼ਨ ਨੰ: ਐਸ.ਓ 1533 (ਈ) ਮਿਤੀ 14/09/2006 ਅਧੀਨ ਸਾਮਲ ਹੈ ਅਤੇ ਪ੍ਰੋਜੈਕਟ ਪ੍ਰੋਪੋਨੈਂਟ ਨੂੰ ਇਸ ਲਈ ਸਟੇਟ ਇਨਵਾਇਰਮੈਂਟ ਇਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਤੋਂ ਵਾਤਾਵਰਨਿਕ ਕਲੀਅਰੈਂਸ ਪ੍ਰਾਪਤ ਕਰਨ ਦੀ ਲੋੜ ਹੈ। ਵਾਤਾਵਰਣ ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ, ਭਾਰਤ ਸਰਕਾਰ, ਨਵੀ ਦਿੱਲੀ ਦੁਆਰਾ ਅਧਿਸੂਚਿਤ ਅਨੁਸਾਰ ਵਾਤਾਵਰਨਿਕ ਕਲੀਅਰੈਂਸ ਪ੍ਰਾਪਤ ਕਰਨ ਲਈ ਪ੍ਰਕਿਰਿਆ ਦੇ ਹਿੱਸੇ ਵਜੋਂ ਪ੍ਰੋਜੈਕਟ ਪ੍ਰੋਪੋਨੈਂਟ ਨੇ ਪ੍ਰਸਤਾਵਿਤ ਪ੍ਰੋਜੈਕਟ ਦੀ ਡਰਾਫਟ ਇਨਵਾਇਰਮੈਂਟ ਇੰਪੈਕਟ ਅਸੈਸਮੈਂਟ ਸਟੱਡੀ ਰਿਪੋਰਟ ਸੀਆ, ਪੰਜਾਬ ਰਾਂਹੀ ਪੱਤਰ ਨੰਬਰ SEIAA/MS/2023/611 dated 13.04.2023 ਜਾਰੀ ਕੀਤੇ ਟਰਮਜ ਆਫ ਰੈਫਰੈਂਸ ਦੇ ਆਧਾਰ ਤੇ ਤਿਆਰ ਕੀਤੀ ਹੈ । ਹੁਣ ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ। ਵਾਤਾਵਰਣ ਇੰਜੀਨੀਅਰ (ਮੈਗਾ) ਨੇ ਹਾਜਰ ਜਨਤਾ ਨੂੰ ਸਨਅਤ ਵਲੋਂ ਦੱਸੀ ਗਈ ਜਗਾ ਤੇ ਪ੍ਰਸਤਾਵਿਤ ਯੂਨਿਟ ਲਗਾਉਣ ਲਈ ਉਪਰੋਕਤ ਦਰਸਾਈ ਵਾਤਾਵਰਣ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ,



Scanned with CamScanner

ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸ਼ਨਰ, ਫਤਹਿਗੜ੍ਹ ਸਾਹਿਬ; ਚੇਅਰਮੈਨ, ਜਿਲਾ ਪ੍ਰੀਸ਼ਦ, ਫਤਹਿਗੜ੍ਹ ਸਾਹਿਬ, ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਂਟਰ, ਫਤਹਿਗੜ੍ਹ ਸਾਹਿਬ ਐਟ ਮੰਡੀ ਗੋਬਿੰਦਗੜ੍ਹ; ਕਾਰਜ਼ਕਾਰੀ ਅਫਸਰ, ਐਮ..ਸੀ. ਮੰਡੀ ਗੋਬਿੰਦਗੜ੍ਹ, ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫਤਰ, ਫਤਹਿਗੜ੍ਹ ਸਾਹਿਬ ਵਿੱਚ ਰੱਖੀਆਂ ਗਈਆਂ ਸਨ, ਤਾਂ ਜੋ ਉਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਤਿੰਨ ਮਹੱਤਵਪੂਰਨ ਅਖਬਾਰਾਂ ਅਰਥਾਤ 'ਹਿੰਦੁਸਤਾਨ ਟਾਇਮਜ਼', 'ਰੋਜਾਨਾ ਸਪੋਕਸਮੈਨ' ਮਿਤੀ 02.09.2023 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਡਰਾਫਟ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ ਅਤੇ ਜਨਤਕ ਸੁਣਵਾਈ ਦੀ ਮਿਤੀ 06.10.2023 ਨਿਰਧਾਰਿਤ ਕੀਤੀ ਗਈ ਸੀ । ਇਸ ਉਪਰੰਤ ਉਹਨਾਂ ਪ੍ਰੋਜੈਕਟ ਪ੍ਰੋਪੋਨੈਂਟ ਦੇ ਨੁਮਾਇੰਦੇ ਜੋ ਕਿ ਸਨਅਤ ਦੇ ਵਾਤਾਵਰਣ ਸਲਾਹਕਾਰ ਵੀ ਹਨ, ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਖਰੜਾ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਸ੍ਰੀਮਤੀ ਜੋਤੀ ਰਾਣੀ, ਮੈਸ: ਈਕੋ ਲੈਬਟਰੀਜ਼ ਐਂਡ ਕੰਨਸਲਟੈਂਟ ਪ੍ਰਾਈਵੇਟ ਲਿਮਟਿਡ, ਪ੍ਰੋਜੈਕਟ ਪ੍ਰੋਪੋਨੈਂਟ ਦੇ ਵਾਤਾਵਰਣ ਸਲਾਹਕਾਰ ਨੇ ਜਨਤਾ ਨੂੰ ਪ੍ਰਸਤਾਵਿਤ ਵਾਧੇ ਦੇ ਪ੍ਰੋਜੈਕਟ ਬਾਰੇ ਵਿਸਥਾਰ ਹੇਠ ਲਿਖੇ ਅਨੁਸਾਰ ਬਿਆਨ ਕੀਤਾ:-

| | | | |
|---|---|---|---|
| 1. | ਪ੍ਰੋਜੈਕਟ ਦਾ ਨਾਂ | : | ਮੈਸ: ਸੀਤਲ ਸਟੀਲ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ |
| 2. | ਪ੍ਰੋਜੈਕਟ ਦੀ ਕਿਸਮ | : | ਸੈਕੰਡਰੀ ਸਟੀਲ ਨਿਰਮਾਣ ਇਕਾਈ |
| 3. | ਸਥਾਨ | : | ਪਿੰਡ ਸ਼ਾਹਪੁਰ, ਖੰਨਾ/ਅਮਲੋਹ ਰੋਡ, ਤਹਿਸੀਲ ਅਮਲੋਹ, ਜਿਲਾ ਫਤਹਿਗੜ੍ਹ ਸਾਹਿਬ |
| 4. | ਭੱਠੀਆਂ | : | ਪ੍ਰਸਤਾਵਿਤ: 15 ਟਨ/ਹੀਟ ਦੀ ਸਮਰੱਥਾ ਵਾਲੀਆ 2 ਇੰਡਕਸ਼ਨ ਭੱਠੀਆਂ, 30 ਟਨ/ਹੀਟ ਦੀ ਸਮਰੱਥਾ ਵਾਲੀ 1 ਇੰਡਕਸ਼ਨ ਭੱਠੀ, ਰੋਲਿੰਗ ਮਿੱਲ ਅਤੇ ਪਾਇਪ ਪਲਾਂਟ |
| 5. | 10 ਕਿ.ਮੀ ਦੇ ਘੇਰੇ ਦੀਆਂ ਵਿਸ਼ੇਸ਼ਤਾਵਾਂ | (i) | ਪੁਰਾਤੱਤਵ ਮਹੱਤਵਪੂਰਣ ਸਥਾਨ ---- Nil |
| | | (ii) | ਜੰਗਲੀ ਜੀਵਨ ਅਸਥਾਨ ---- Nil |
| | | (iii) | ਰਿਜ਼ਰਵਡ/ ਸੁਰੱਖਿਅਤ ਜੰਗਲ - ਬੀੜ ਅਮਲੋਹ ਸੁਰੱਖਿਅਤ ਜੰਗਲ |
| | | (iv) | ਇਤਿਹਾਸਕ ਸਥਾਨ ---- Nil |
| | | (v) | ਨਦੀ/ਨਹਿਰ ਭਾਖੜਾ ਨਹਿਰ |
| | | (vi) | ਉਦਯੋਗ - ਮੰਡੀ ਗੋਬਿੰਦਗੜ੍ਹ ਦੇ ਮਾਸਟਰ ਪਲਾਨ ਅਨੁਸਾਰ ਉਦਯੋਗਿਕ ਜੋਨ |
| | | (vi) | ਜੈਵ ਵਿੰਭਿਨਤਾ ਵਿਰਾਸਤੀ ਸਾਈਟ - ਨਹੀਂ |
| 6. | ਕੁਲ ਜ਼ਮੀਨ | : | 42,607.47 ਵਰਗ ਮੀਟਰ |



Scanned with CamScanner

| | | | | |
|---|---|---|---|---|
| 7. | ਉਤਪਾਦ ਦਾ ਨਾਮ | | ਪ੍ਰਸਤਾਵਿਤ (ਟਨ ਪ੍ਰਤੀ ਸਾਲ) | ਕੁੱਲ (ਟਨ ਪ੍ਰਤੀ ਸਾਲ |
| | ਇੰਗਟਸ/ ਬਿਲਟਸ / ਸਟਰਿਪਸ / ਪੱਤਰਾ / ਟੀ.ਐਮ.ਟੀ. ਬਾਰਜ / ਐਚ.ਆਰ ਕੋਇਲਜ / ਸੁਕੇਅਰ / ਰੌਡਜ / ਫਲੈਟਸ / ਚੈਨਲਜ ਪਾਇਪਸ | | 3,20,000 | 3,20,000 |
| 8. | ਕੱਚਾ ਮਾਲ/ਸ੍ਰੋਤ | : | • ਸਕ੍ਰੈਪ ਅਤੇ ਫੇਰੋ ਅਲਾਇਜ – 3,36,000 ਟਨ/ਸਾਲ<br>• ਸਰੋਤ ਅਤੇ ਆਵਾਜਾਈ: ਸਥਾਨਕ ਅਤੇ ਅੰਤਰਰਾਸਟਰੀ ਬਜ਼ਾਰ ਅਤੇ ਆਵਾਜਾਈ ਕਵਰ ਕੀਤੇ ਟਰੱਕਾਂ (ਲਗਭਗ 48 ਟਰੱਕ ਰੋਜ਼ਾਨਾ) ਨਾਲ ਹੋਵੇਗੀ । | |
| 9. | ਕਾਮਿਆਂ ਦੀ ਗਿਣਤੀ | : | ਪ੍ਰਸਤਾਵਿਤ – 200 | |
| 10. | ਪ੍ਰੋਜੈਕਟ ਦੀ ਲਾਗਤ (ਰੁਪਏ) | : | ਕੁੱਲ – 32.1 ਕਰੋੜ | |
| 11. | ਪ੍ਰਦੂਸ਼ਣ ਕੰਟਰੋਲ ਸਿਸਟਮ ਦੀ ਲਾਗਤ (ਰੁਪਏ), ਓਐਚਐਸ, ਰਿਸਕ ਹਜਾਰਡਸ, ਕੰਟਰੋਲ | : | 168 ਲੱਖ ਅਤੇ<br>25 ਲੱਖ (ਆਵਰਤੀ) ਸਲਾਨਾ | |
| 12. | ਲੋੜੀਦੀ ਬਿਜਲੀ (KW) | : | ਕੁੱਲ 30,000 ਕਿਲੋਵਾਟ | |
| | ਬਿਜਲੀ ਦਾ ਸ੍ਰੋਤ | : | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ | |
| 13. | ਲੋੜੀਦੀ ਪਾਣੀ (ਕਿਲੋ ਲੀਟਰ ਪ੍ਰਤੀ ਦਿਨ) | : | ਮਕਸਦ | ਪ੍ਰਸਾਵਿਤ (ਕੇ.ਐਲ.ਡੀ) |
| | | | ਘਰੈਲੂ | 9 |
| | | | ਕੂਲਿੰਗ ਲਈ ਪਾਣੀ ਦੀ ਮੰਗ | 60 |
| | | | ਗ੍ਰੀਨ ਏਰੀਆ ਪਾਣੀ ਦੀ ਮੰਗ | 77 |
| | | | **ਕੁਲ** | **146** |
| 14. | ਪ੍ਰਦੂਸ਼ਿਤ ਪਾਣੀ ਦਾ ਮਾਤਰਾ | : | ਘਰੇਲੂ = 7.2<br>ਠੰਡਾ ਕਰਨਾ = ਰੀਸਰਕੁਲੇਸਨ | |
| 15. | ਪ੍ਰਦੂਸ਼ਤ ਪਾਣੀ ਦਾ ਸ਼ੁੱਧੀਕਰਨ | : | **7.2** ਕੇਐਲਡੀ ਘਰੇਲੂ ਗੰਦੇ ਪਾਣੀ ਪੈਦਾ ਹੋਵੇਗਾ, ਜਿਸ ਨੂੰ **10** ਕੇਐਲਡੀ ਦੀ ਪ੍ਰਸਤਾਵਿਤ ਐਸ.ਟੀ.ਪੀ ਰਾਂਹੀ ਟਰੀਟ ਕੀਤਾ ਜਾਵੇਗਾ ਅਤੇ ਟਰੀਟ ਕੀਤੇ ਪਾਣੀ ਨੂੰ ਬਾਗਬਾਨੀ ਵਰਤਿਆ ਜਾਵੇਗਾ। ਕੋਈ ਉਦਯੋਗਿਕ ਗੰਦਾ ਪਾਣੀ ਪੈਦਾ ਨਹੀ ਹੋਵੇਗਾ। | |
| 16. | ਵਾਯੂਮੰਡਲ ਹਵਾ ਦੀ ਗੁਣਵੱਤਾ | : | ਦੇਵ ਭੂਮੀ ਕਾਸਟਿੰਗਜ ਪ੍ਰ: ਲਿਮਟਿਡ ਦਾ ਬੇਸਲਾਈਨ ਡਾਟਾ ਅਕਤੂਬਰ ਤੋ ਦਸੰਬਰ, 2021 ਦੀ ਮਿਆਦ ਨੂੰ ਪ੍ਰੋਜੈਕਟ ਲਈ ਵਿਚਾਰਿਆ ਗਿਆ ਹੈ। ਇਸ ਤੋਂ ਇਲਾਵਾ, ਮਈ, 2023 ਤੱਕ ਪ੍ਰੋਜੈਕਟ ਸਥਾਨ ਤੇ ਇੱਕ ਮਹੀਨੇ ਦੀ ਵਾਧੂ ਨਿਗਰਾਨੀ। NABL & MoEF&CC ਦੁਆਰਾ ਪ੍ਰਵਾਨਿਤ ਪ੍ਰਯੋਗਸ਼ਾਲਾ ਤੇ ਪ੍ਰੋਜੈਕਟ ਸਥਾਨ ਤੇ ਬੇਸਲਾਈਨ ਅਧਿਐਨ ਕਰਵਾਏ ਗਏ ਹਨ। | |



Scanned with CamScanner

| | | | |
|---|---|---|---|
| | | | ਇਸ ਤਰਾਂ $PM_{2.5}$, $PM_{10}$, $SO_2$ & $NO_2$ ਪੱਧਰਾਂ (ਮਾਪਦੰਡਾਂ ਪ੍ਰਦੂਸ਼ਕ) ਦੇ ਨਾਲ ਨਾਲ $NH_3$ and $O_3$ ਦੀ 10 ਕਿਲੋਮੀਟਰ ਅਧਿਐਨ ਖੇਤਰ ਵਿੱਚ ਨੌ ਸਥਾਨਾਂ (ਪ੍ਰੋਜੈਕਟ ਸਾਈਟ ਸਮੇਤ) ਤੇ ਨਿਗਰਾਨੀ ਕੀਤੀ ਗਈ। ਨਿਗਰਾਨੀ ਸਟੇਸ਼ਨਾਂ ਦੀਆਂ ਸਾਈਟਾਂ ਪ੍ਰਮੁੱਖ ਹਵਾ ਦੀ ਦਿਸ਼ਾ ਨੂੰ ਧਿਆਨ ਵਿੱਚ ਰੱਖ ਰਹੀਆਂ ਹਨ।<br>ਪ੍ਰੋਜੈਕਟ ਸਥਾਨ ਤੇ ਐਬੀਐਂਟ ਹਵਾ ਦੇ ਨਤੀਜ਼ੇ ਦੇ ਔਸਤ ਮੁੱਲ ਇਹ ਪਾਏ ਗਏ ਹਨ,<br>$PM_{10}$ 72.0µg/m3 ਤੋਂ 152.0µg/m3, $PM_{2.5}$ 37.0µg/m3 ਤੋਂ 81.0µg/m3, SO2 = 10.0µg/m3 ਤੋਂ 18µg/m3 ਅਤੇ NO2 20.0µg/m3 ਤੋਂ 34.0µg/m3, ਤੱਕ। ਪ੍ਰੋਜੈਕਟ ਸਾਈਟ ਤੇ $PM_{10}$, & $PM_{2.5}$ ਔਸਤ ਮੁੱਲ ਕ੍ਰਮਵਾਰ 130.0µg/m3 & 73.0 µg/m3, ਪਾਇਆ ਗਿਆ । ਉਦਯੋਗਿਕ/ਰਿਹਾਇਸੀ/ਪੇਂਡੂ ਅਤੇ ਹੋਰ ਖੇਤਰਾਂ ਲਈ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਨੈਸਨਲ ਐਬੀਐਂਟ ਏਅਰ ਕੁਆਲਟੀ ਸਟੈਂਡਰਡ NAAQS ਨਾਲ ਤੁਲਨਾ ਕਰਨ ਤੇ ਇਹ ਦੇਖਿਆ ਗਿਆ ਕਿ $PM_{10}$, $PM_{2.5}$ ਨੂੰ ਛੱਡਕੇ $SO_2$, $NO_2$ ਦੇ ਸਾਰੇ ਮੁੱਲ CO ਅਤੇ PAH ਨਿਰਧਾਰਿਤ ਸੀਮਾਵਾਂ ਦੇ ਅੰਦਰ ਸਨ। $PM_{10}$, & $PM_{2.5}$ ਕ੍ਰਮਵਾਰ 100.0µg/m3 ਅਤੇ 60.0µg/m3 ਦੇ 24 ਘੰਟੇ ਦੇ ਔਸਤ NAAQ ਮਾਪਦੰਡਾਂ ਤੋਂ ਕਾਫੀ ਉਚੇ ਸਨ ਕਿਉਂਕਿ ਮੰਡੀ ਗੋਬਿੰਦਗੜ੍ਹ ਅਤੇ ਖੰਨਾ ਵਿੱਚ ਉਦਯੋਗਾਂ ਦੀ ਮੌਜੂਦਗੀ ਅਤੇ ਹੋਰ ਖੇਤੀ ਅਤੇ ਬਾਇਓਮਾਸ ਬਰਨਿੰਗ ਗਤੀਵਿਧੀਆਂ ਇਸ ਖੇਤਰ ਵਿੱਚ ਪ੍ਰਮੁੱਖ ਹਨ। |
| 17. | ਪਾਣੀ ਦੀ ਗੁਣਵੱਤਾ | : | ਰਸਾਇਣਿਕ ਅਤੇ ਜੈਵਿਕ ਵਿਸ਼ਲੇਸ਼ਣ ਲਈ ਅਧਿਐਨ ਖੇਤਰ ਦੇ 10 ਕਿਲੋਮੀਟਰ ਤੋਂ 9 ਧਰਤੀ ਹੇਠਲੇ ਪਾਣੀ ਦੇ ਨਮੂਨੇ ਅਤੇ 8 ਸਤਹ ਪਾਣੀ ਦੇ ਨਮੂਨੇ ਇਕੱਤਰ ਕੀਤੇ ਗਏ ਸਨ। ਅਧਿਐਨ ਖੇਤਰ ਦੇ ਭੂਮੀਗਤ ਪਾਣੀ ਦੀ ਗੁਣਵੱਤਾ ਸੰਤੋਸ਼ਜਨਕ ਹੈ। ਪਾਣੀ ਦੀ ਗੁਣਵੱਤਾ ਵਿੱਚ ਕੋਈ ਧਾਤੂ ਜਾਂ ਬੈਕਟੀਰੀਆ ਦੀ ਗੰਦਗੀ ਨਹੀ ਪਾਈ ਗਈ। |
| 18. | ਸ਼ੋਰ ਵਾਤਾਵਰਣ | : | ਅਧਿਐਨ ਖੇਤਰ ਵਿੱਚ 5 ਸਥਾਨਾਂ ਤੇ ਵਾਤਾਵਰਨ ਸ਼ੋਰ ਦੇ ਪੱਧਰ ਤੇ ਨਿਗਰਾਨੀ ਕੀਤੀ ਗਈ। 4 ਪ੍ਰੋਜੈਕਟ ਕੋਨੇ ਅਤੇ ਪ੍ਰੋਜੈਕਟ ਦਾ ਇੱਕ ਕੇਂਦਰ । ਦਿਨ ਦੇ ਸਮੇਂ ਪ੍ਰੋਜੈਕਟ ਪਰਿਸਰ ਦੇ ਅੰਦਰ ਰਿਕਾਰਡ ਕੀਤੇ ਗਏ ਘੱਟੋ-ਘੱਟ ਸ਼ੋਰ ਪੱਧਰ 60.4 ਡੀ.ਬੀ.(ਏ) 68.4 ਡੀ.ਬੀ.(ਏ) ਤੋ ਬਦਲ ਦੇ ਹਨ ਅਤੇ ਰਾਤ ਦੇ ਸਮੇ 47.7 ਡੀ.ਬੀ. (ਏ) ਅਤੇ |



Scanned with CamScanner

| | | | |
|---|---|---|---|
| | | | 57.3 ਡੀ.ਬੀ.(ਏ) ਤੋਂ 64.2 ਡੀ.ਬੀ.(ਏ) ਸਨ । ਪ੍ਰਾਪਤ ਸ਼ੋਰ ਪੱਧਰ ਉਦਯੋਗਿਕ ਖੇਤਰ ਲਈ ਨਿਰਧਾਰਿਤ ਸੀਮਾਵਾਂ ਦੇ ਅੰਦਰ ਹੈ। |
| 19. | ਮਿੱਟੀ ਵਾਤਾਵਰਣ | : | ਅਧਿਐਨ ਖੇਤਰ ਤੋ ਅੱਠ ਮਿੱਟੀ ਦੇ ਨਮੂਨੇ ਇੱਕਤਰ ਕੀਤੇ ਗਏ ਸਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਸੀ। ਮਿੱਟੀ ਦੀ ਜੈਵਿਕ ਪਦਾਰਥ, ਨਾਈਟ੍ਰੋਜਨ, ਪੋਟਾਸ਼ੀਅਮ ਅਤੇ ਫਾਸਫੋਰਸ ਸਮੱਗਰੀ ਮੱਧਮ ਹੈ। ਸਾਰੇ ਮਿੱਟੀ ਦੇ ਨਮੂਨਿਆਂ ਦੇ pH ਸਵੀਕਾਰਯੋਗ ਸੀਮਾ ਦੇ ਅੰਦਰ ਹਨ। ਪ੍ਰਸਤਾਵਿਤ ਪਲਾਟ ਦਾ ਮਿੱਟੀ ਤੇ ਕੋਈ ਅਸਰ ਨਹੀ ਹੋਵੇਗਾ। |
| 20. | ਹਵਾ ਪ੍ਰਦੂਸ਼ਣ ਕੰਟਰੋਲ | : | ਇੰਡਕਸਨ ਫਰਨਸ ਤੇ ਪਲਸ ਜੈਟ ਬੈਗ ਫਿਲਟਰ ਵਾਲਾ ਸਾਈਡ ਸਕਸਨ ਹੁੱਡ ਦਿੱਤਾ ਜਾਵੇਗਾ। |
| 21. | ਠੋਸ ਰਹਿੰਦ ਖੂਹੰਦ | : | ਘਰੈਲੂ ਠੋਸ ਰਹਿੰਦ ਖੂਹੰਦ: 40 ਕਿਲੋਗ੍ਰਾਮ/ਦਿਨ<br>ਸਲੈਗ: 29 ਟੀਪੀਡੀ ਜੋ ਕਿ ਕੋ-ਪ੍ਰੋਸੈਸਿੰਗ ਲਈ ਕੰਕਰੀਟ ਬਲਾਕ/ਆਰਸੀਸੀ ਟਾਇਲਾਂ ਆਦਿ ਨਿਰਮਾਣ ਯੂਨਿਟਾਂ ਨੂੰ ਦਿੱਤਾ ਜਾਵੇਗਾ। |
| 22. | ਖਤਰਨਾਕ ਰਹਿੰਦ ਖੂੰਹਦ | : | ਪ੍ਰੋਜੈਕਟ ਤੋ ਪੈਦਾ ਹੋਣ ਵਾਲੀ ਖਤਰਨਾਕ ਰਹਿੰਦ ਖੂਹਿੰਦ ਅਨੁਸੂਚੀ ਦੇ ਸ਼੍ਰੇਣੀ 35.1 ਦੇ ਅਧੀਨ 2 ਟੀਪੀਡੀ ਐਗਜੋਸਟ ਹਵਾ ਜਾਂ ਗੈਸ ਦੀ ਸਫਾਈ ਦੀ ਰਹਿੰਦ ਖੂਹੰਦ ਦਾ 0.7 ਕੇਐਲਏ ਹੋਣ ਦਾ ਅਨੁਮਾਨ ਹੈ। ਪੀਪੀਸੀਬੀ ਤੋ ਖਤਰਨਾਕ ਰਹਿੰਦ ਖੂਹਿੰਦ ਜਾਂ ਅਧਿਕਾਰ ਪ੍ਰਾਪਤ ਕੀਤਾ ਜਾਵੇਗਾ। ਅਧਿਕਾਰਤ ਵਿਕਰੇਤਾ ਨਾਲ ਸਮਝੋਤਾ ਕੀਤਾ ਜਾਵੇਗਾ। |
| 23. | ਨਿਗਰਾਨੀ ਸੈਲ | | ਵਾਤਾਵਰਣ ਨਿਗਰਾਨੀ ਸੈੱਲ ਹੇਠ ਲਿਖੇ ਅਨੁਸਾਰ ਹੋਵੇਗੀ<br>• ਮਾਲਕ<br>• ਪ੍ਰੋਜੈਕਟ ਇੰਚਾਰਜ<br>• ਵਾਤਾਵਰਨ ਸਲਾਹਕਾਰ |
| 24. | ਵਾਧੂ ਵਾਤਾਵਰਣ ਗਤੀਵਿਧੀਆਂ | : | ਵਾਤਾਵਰਣ ਸੁਰੱਖਿਆ ਦੇ ਵੱਖ-ਵੱਖ ਉਪਾਵਾਂ ਤੋ ਇਲਾਵਾ, ਪ੍ਰੋਜੈਕਟ ਦਾ ਪ੍ਰਸਤਾਵਿਕ ਆਪਣੀ ਸਮਾਜਿਕ ਜਿੰਮੇਵਾਰੀ ਅਤੇ ਕਿਸੇ ਵੀ ਚੰਗੇ ਕਾਰਪੋਰੇਟ ਨਾਗਰਿਕ ਵਜੋ ਚੇਤੰਨ ਹੈ। ਪ੍ਰੋਜੈਕਟ ਦੀ ਲਾਗਤ ਦੇ ਆਧਾਰ ਤੇ ਵਾਧੂ ਵਾਤਾਵਰਣ ਗਤੀਵਿਧੀਆਂ ਤਹਿਤ 10 ਲੱਖ ਰੁਪਏ ਅਲਾਟ ਕੀਤੇ ਗਏ ਹਨ । ਵਾਧੂ ਵਾਤਾਵਰਣ ਗਤੀਵਿਧੀਆਂ ਤਹਿਤ 10 ਲੱਖ ਰੁਪਏ ਅਲਾਟ ਕੀਤੇ ਗਏ ਹਨ । ਵਾਧੂ ਵਾਤਾਵਰਣ ਗਤੀਵਿਧੀਆਂ ਅਧੀਨ ਨੇੜਲੇ ਪਿੰਡ ਵਿੱਚ ਛੱਪੜ ਦੀ ਸਾਂਭ ਸੰਭਾਲ ਜਾਂ ਸੁੰਦਰੀਕਰਨ ਜਾਂ ਨਾਨਕ ਬਗੀਚੀ ਦਾ ਵਿਕਾਸ ਕੀਤਾ ਜਾਵੇਗਾ। ਇਸ ਤੋ ਇਲਾਵਾ ਜਨਤਕ ਸੁਣਵਾਈ ਦੋਰਾਨ ਉਠਾਏ ਗਏ ਮੁੱਦਿਆ ਨੂੰ ਵੀ ਵਾਧੂ ਵਾਤਾਵਰਣ ਗਤੀਵਿਧੀਆਂ ਵਜੋ ਲਿਆ ਜਾਵੇਗਾ। |



Scanned with CamScanner

ਇਸ ਤੇ ਪਿੱਛੇ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੀਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ, ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਇਸ ਤੇ ਪਿੱਛੇ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1 | ਸ੍ਰੀ ਤਰਲੋਕ ਸਿੰਘ ਪੁੱਤਰ ਸ੍ਰੀ ਇੰਦਰ ਸਿੰਘ, ਪਿੰਡ ਸ਼ਾਹਪੁਰ, ਤਹਿਸੀਲ ਅਮਲੋਹ, ਜਿਲਾ ਫਤਹਿਗੜ ਸਾਹਿਬ | ਇਸ ਪ੍ਰੋਜੈਕਟ ਲੱਗਣ ਨਾਲ ਉਹਨਾਂ ਦੇ ਪਿੰਡ ਨੂੰ ਕੀ ਫਾਇਦਾ ਹੋਵੇਗਾ। | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਫੈਕਟਰੀ ਲੱਗਣ ਨਾਲ ਲੋਕਾਂ ਨੂੰ ਰੁਜਗਾਰ ਮਿਲੇਗਾ। ਫੈਕਟਰੀ ਵਿੱਚ ਸਿੱਧੇ ਤੋਰ ਤੇ 200 ਕਾਮੇ ਕੰਮ ਕਰਨਗੇ, ਜੋ ਕਿ ਇਸ ਇਲਾਕੇ ਵਿੱਚੋ ਹੀ ਉਹਨਾਂ ਦੀ ਯੋਗਤਾ ਮੁਤਾਬਿਕ ਰੱਖੇ ਜਾਣਗੇ। ਇਸ ਫੈਕਟਰੀ ਲੱਗਣ ਨਾਲ ਅਸਿੱਧੇ ਤੋਰ ਤੇ ਰੁਜਗਾਰ ਦੇ ਮੋਕੇ ਪੈਦਾ ਹੋਣਗੇ ਜਿਵੇ ਕਿ ਟਰੱਕ ਬਗੈਰਾ ਫੈਕਟਰੀ ਵਿੱਚ ਕੱਚਾ ਮਾਲ/ਪੈਦਾ ਹੋਇਆ ਪ੍ਰੋਡਕਟ ਨੂੰ ਲਿਆਉਣ ਅਤੇ ਜਾਣ ਲਈ ਲੱਗਣਗੇ। ਇਸ ਪਿੰਡ ਦੇ ਲੋਕਾਂ ਦੀ ਭਲਾਈ ਲਈ ਵਿਕਾਸ ਦੇ ਕੰਮ ਕੀਤੇ ਜਾਣਗੇ ਜਿਹਨਾਂ ਵਿੱਚ ਸਕੂਲ ਦੀ ਬਿਲਡਿੰਗ ਆਦਿ ਦੀ ਮੁਰੰਮਤ, ਬਗੈਰਾ ਸ਼ਾਮਲ ਹੈ। ਪਿੰਡ ਵਿੱਚ ਲੈਂਡਸਕੈਪਿੰਗ ਕੀਤੀ ਜਾਵੇਗੀ ਜਿਸ ਲਈ ਮਾਲੀਆਂ ਦੀ ਜਰੂਰਤ ਹੋਵੇਗੀ। |

ਇਸ ਤੇ ਪਿੱਛੇ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਫਿਰ ਲੋਕਾਂ ਨੂੰ ਬਾਰ-ਬਾਰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ । ਪਰ ਕਿਸੇ ਨੇ ਵੀ ਕੁਝ ਹੋਰ ਜਾਣਕਾਰੀ ਨਹੀ ਮੰਗੀ।

ਇਸ ਤੋਂ ਬਾਅਦ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੇ ਪ੍ਰਸਤਾਵਿਤ ਯੋਜਨਾ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਲਗਭਗ ਸਾਰੇ ਲੋਕਾਂ ਨੇ ਪ੍ਰਸਤਾਵਤ ਵਾਧੇ ਦੇ ਹੱਕ ਵਿੱਚ ਹੱਥ ਉਠਾ ਕੇ ਪੁਸਟੀ ਕੀਤੀ । ਉਸ ਤੇ ਬਾਅਦ ਇਹ ਕਿਹਾ ਗਿਆ ਕਿ ਜੋ ਇਹ ਪ੍ਰਸਤਾਵ



Scanned with CamScanner

ਕਰਨ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਪ੍ਰੰਤੂ ਕਿਸੇ ਵੀ ਵਿਅਕਤੀ ਨੇ ਹੱਥ ਖੜਾ ਨਹੀਂ ਕੀਤਾ । ਇਸ ਪਬਲਿਕ ਹੀਰਿੰਗ ਵਿੱਚ 71 ਵਿਅਕਤੀਆਂ ਨੇ ਹਿੱਸਾ ਲਿਆ ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

| | | |
|---|---|---|
| (ਮਲਕੀਤ ਸਿੰਘ) | (ਰਵੀ ਪਾਲ) | (ਗੁਰਵਿੰਦਰ ਸਿੰਘ ਜੋਹਲ), ਪੀ.ਸੀ.ਐਸ |
| ਸਹਾਂਇਕ ਵਾਤਾਵਰਣ ਇੰਜੀਨੀਅਰ | ਵਾਤਾਵਰਣ ਇੰਜੀਨੀਅਰ (ਮੈਗਾ) | ਸਬ ਡਵੀਜਨਲ ਮੈਜਿਸਟ੍ਰੇਟ, ਅਮਲੋਹ |
| ਪੀਪੀਸੀਬੀ, ਖੇਤਰੀ ਦਫਤਰ, | ਪੀਪੀਸੀਬੀ ਪਟਿਆਲਾ | ਜਿਲਾ ਫਤਹਿਗੜ ਸਾਹਿਬ |
| ਫਤਹਿਗੜ ਸਾਹਿਬ | | |



Scanned with CamScanner